# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times 23 ਦਸੰਬਰ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕੀਤੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 23 ਦਸੰਬਰ : ਸਿੱਖਿਆ ਦੇ ਖੇਤਰ ਵਿੱਚ ਇਕ ਇਤਿਹਾਸਕ ਕਦਮ ਚੁੱਕਦਿਆਂ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਬਰੁਕਸਾਈਡ ਸਰੀ ਵਿੱਚ ਉੱਚ ਸਿੱਖਿਆ ਵੱਲ ਵਧ ਰਹੇ ਪੰਜ ਯੋਗ ਵਿਦਿਆਰਥੀਆਂ ਨੂੰ ਇਕ-ਇਕ ਹਜ਼ਾਰ ਡਾਲਰ ਦੀ ਸਕਾਲਰਸ਼ਿਪ ਸੰਗਤ ਦੀ ਮੌਜੂਦਗੀ ਵਿੱਚ ਪ੍ਰਦਾਨ ਕਰਕੇ ਉਨ੍ਹਾਂ ਦਾ ਹੌਸਲਾ ਅਫ਼ਜ਼ਾਈ ਕੀਤੀ। ਸਕਾਲਰਸ਼ਿਪ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਮਨਲੀਨ ਕੌਰ ਧਾਲੀਵਾਲ, ਧਿਰਤੀ ਕਪੂਰ, ਤੇਜ ਕੌਰ ਸਰਾਂ, ਗੁਰਜੋਤ ਸਿੰਘ ਭੰਗੂ ਅਤੇ ਹੈਵਨਪ੍ਰੀਤ ਵਿਰਕ ਸ਼ਾਮਲ ਹਨ, ਜੋ ਐਨਵਰ ਕ੍ਰੀਕ ਅਤੇ ਫਰੈਂਕ ਹਰਟ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਹਨ। ਸਰੀ ਸਕੂਲ ਬੋਰਡ ਟਰਸਟੀਜ਼ ਦੇ ਚੇਅਰਮੈਨ ਗੈਰੀ ਟਾਈਮੋਕ, ਡਿਪਟੀ ਚੇਅਰਮੈਨ ਗੈਰੀ ਥਿੰਦ ਅਤੇ ਸਰੀ 36 ਸਕੂਲ ਡਿਸਟ੍ਰਿਕਟ ਦੀ ਆਫ਼ਿਸ ਕਲਰਕ ਜੁਨ ਐਨਜ਼ ਨੇ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਸਮਾਰੋਹ ਦੀ ਸ਼ੋਭਾ ਵਧਾਈ।

ਇਸ ਮੌਕੇ ਟਰਸਟੀ ਗੈਰੀ ਟਾਈਮੋਕ ਅਤੇ ਗੈਰੀ ਥਿੰਦ ਨੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਕੇ ਉਨ੍ਹਾਂ ਨੂੰ ਸਿੱਖਿਆ ਵੱਲ ਪ੍ਰੇਰਿਤ ਕਰਨਾ ਸਮਾਜ ਦੇ ਭਵਿੱਖ ਨੂੰ ਮਜ਼ਬੂਤ ਕਰਨ ਵਾਲਾ ਉਪਰਾਲਾ ਹੈ। ਸੋਸਾਇਟੀ ਮੈਂਬਰ ਚਰਨਜੀਤ ਸਿੰਘ ਮਰਵਾਹਾ, ਮੋਤਾ ਸਿੰਘ ਝੀਤਾ ਅਤੇ ਸੁਰਿੰਦਰ ਸਿੰਘ ਜੱਬਲ ਨੇ ਵੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਕਾਮਨਾ ਕਰਦਿਆਂ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਦੀ ਗੁਰਬਾਣੀ ਸੋਚ ਅਨੁਸਾਰ ਕਾਰਜਸ਼ੀਲ ਸੋਸਾਇਟੀ ਅਤੇ ਕਮੇਟੀ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਸੋਸਾਇਟੀ ਦੇ ਬੁਲਾਰਿਆਂ ਨੇ ਕਿਹਾ ਕਿ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਆਪਣੇ ਸੇਵਾਮਈ ਅਤੇ ਗੌਰਵਮਈ ਇਤਿਹਾਸ ਦੇ 53 ਸਾਲ ਪੂਰੇ ਕਰ ਲਏ ਹਨ ਅਤੇ ਸਰੀ ਵਿਖੇ ਸਥਿਤ ਗੁਰਦੁਆਰਾ ਸਾਹਿਬ ਬਰੁਕਸਾਈਡ ਦੀ ਇਮਾਰਤ ਦੇ 15 ਸਾਲ ਮੁਕੰਮਲ ਹੋਣ 'ਤੇ ਧਾਰਮਿਕ, ਸਮਾਜਿਕ ਅਤੇ ਸਿੱਖਿਆ ਖੇਤਰ ਵਿੱਚ ਆਪਣੀ ਮਜ਼ਬੂਤ ਪਛਾਣ ਦਰਜ ਕਰਵਾਈ ਹੈ। ਪਿਛਲੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੋਸਾਇਟੀ ਸੰਗਤ ਨੂੰ ਧਾਰਮਿਕ ਆਸਰਾ, ਸਮਾਜ ਨੂੰ ਸੇਵਾ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖਿਆ ਰਾਹੀਂ ਸਸ਼ਕਤ ਕਰਨ ਦਾ ਨਿਰੰਤਰ ਯਤਨ ਕਰਦੀ ਆ ਰਹੀ ਹੈ।

ਸੋਸਾਇਟੀ ਵੱਲੋਂ ਦੇਸ਼ ਤੇ ਵਿਦੇਸ਼ ਵਿੱਚ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦੌਰਾਨ ਦਾਨ ਇਕੱਠਾ ਕਰਕੇ ਸਮਾਜ ਸੇਵੀ ਸੰਸਥਾਵਾਂ ਤੱਕ ਪਹੁੰਚਾਉਣਾ ਅਤੇ ਲੋੜਵੰਦਾਂ ਦੇ ਦੁੱਖ ਦਰਦ ਵਿੱਚ ਸਾਂਝ ਪਾਉਣਾ ਇਸ ਦੀ ਸੇਵਾ-ਭਾਵਨਾ ਦਾ ਪ੍ਰਤੀਕ ਬਣ ਚੁੱਕਾ ਹੈ। ਧਾਰਮਿਕ ਸੇਵਾਵਾਂ ਦੇ ਨਾਲ-ਨਾਲ ਸਮਾਜਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਸੋਸਾਇਟੀ ਨੇ ਸਦਾ ਹੀ ਕੌਮ ਅਤੇ ਮਨੁੱਖਤਾ ਦੀ ਭਲਾਈ ਨੂੰ ਆਪਣਾ ਮੁੱਖ ਉਦੇਸ਼ ਬਣਾਇਆ ਹੈ। ਸੋਸਾਇਟੀ ਮੈਂਬਰ ਪਰਮਜੀਤ ਕੌਰ ਜੱਬਲ ਨੇ ਸਮਾਰੋਹ ਨੂੰ ਸਫ਼ਲ ਬਣਾਉਣ ਵਿੱਚ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਪ੍ਰਸ਼ੰਸਾਯੋਗ ਭੂਮਿਕਾ ਨਿਭਾਈ।

## ਵਿਦੇਸ਼ਾਂ ਦੀ ਧਰਤੀ ਤੋਂ ਵੀ ਮਾਨਸਰੋਵਰ ਸਾਹਿਤ ਅਕਾਦਮੀ ਦੇ ਲਾਈਵ ਪ੍ਰੋਗਰਾਮ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ/ਚੇਤਨ ਸ਼ਰਮਾ




ਰਾਜਸਥਾਨ/ਹਨੂੰਮਾਨਗੜ੍ਹ 23 ਦਸੰਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 21 ਦਸੰਬਰ 2025 ਦਿਨ ਐਤਵਾਰ ਨੂੰ ਪੰਜਾਬੀ ਲਾਈਵ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਰਾਜਬੀਰ ਕੌਰ ਗਰੇਵਾਲ, ਕਰਮਜੀਤ ਕੌਰ ਰਾਣਾ (ਇਟਲੀ), ਅਜੀਤ ਸਿੰਘ ਪੁਸ਼ਪ, ਹਰਮੇਸ਼ ਰਾਹੀ ਅਤੇ ਸੋਨੂੰ ਦੁੱਲੇਵਾਲੀਆ ਨੇ ਸਮੂਲੀਅਤ ਕੀਤੀ। ਪਰ ਹਰਜਿੰਦਰ ਕੌਰ ਕਿਸੇ ਤਕਨੀਕੀ ਖਰਾਬੀ ਕਾਰਨ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਸਕੇ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਕਰਮਜੀਤ ਕੌਰ ਰਾਣਾ ਅਤੇ ਅਜੀਤ ਸਿੰਘ ਪੁਸ਼ਪ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਰਾਜਬੀਰ ਕੌਰ ਗਰੇਵਾਲ ਅਤੇ ਹਰਮੇਸ਼ ਰਾਹੀ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਸੋਨੂੰ ਦੁੱਲੇਵਾਲੀਆ ਨੇ ਵੀ ਇੱਕ ਕਵਿਤਾ ਦੀ ਸਾਂਝ ਪਾਈ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਸੱਚੇ ਅਤੇ ਕੌੜੇ ਬੋਲ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

## ਸ਼੍ਰੀ ਅਰੁਣ ਸੇਖੜੀ ਨੇ ਡਵੀਜਨਲ ਕਮਿਸ਼ਨਰ ਫਰੀਦਕੋਟ ਦਾ ਵਾਧੂ ਚਾਰਜ ਸੰਭਾਲਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 23 ਦਸੰਬਰ : 2004 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਸ਼੍ਰੀ ਅਰੁਣ ਸੇਖੜੀ ਨੇ ਅੱਜ ਬਤੌਰ ਡਵੀਜਨਲ ਕਮਿਸ਼ਨਰ ਫਰੀਦਕੋਟ ਦਾ ਵਾਧੂ ਚਾਰਜ ਸੰਭਾਲ ਲਿਆ। ਜਿਕਰਯੋਗ ਹੈ ਕਿ ਉਹ ਇਸ ਵੇਲੇ ਡਵੀਜਨਲ ਕਮਿਸ਼ਨਰ ਫਿਰੋਜ਼ਪੁਰ ਤਾਇਨਾਤ ਹਨ ਅਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਫਰੀਦਕੋਟ ਡਵੀਜਨ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਨੇ ਡਿਵੀਜ਼ਨ ਨਾਲ ਸੰਬੰਧਿਤ ਪ੍ਰਸ਼ਾਸਨਿਕ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ, ਲੋਕ-ਹਿਤਕਾਰੀ ਯੋਜਨਾਵਾਂ ਅਤੇ ਦਫਤਰੀ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਇਸ ਤੋਂ ਪਹਿਲਾਂ ਡਵੀਜਨਲ ਕਮਿਸ਼ਨਰ ਸ਼੍ਰੀ ਅਰੁਣ ਸੇਖੜੀ ਨੂੰ ਪੁਲਿਸ ਦੀ ਟੁੱਕੜੀ ਵੱਲੋਂ ਗਾਰਡ ਆਫ ਆਨਰ ਵੀ ਦਿੱਤਾ ਗਿਆ। ਸ਼੍ਰੀ ਸੇਖੜੀ ਨੇ ਕਿਹਾ ਕਿ ਫਰੀਦਕੋਟ ਡਵੀਜਨ ਵਿੱਚ ਪ੍ਰਸ਼ਾਸਕੀ ਸੁਚਾਰੂਤਾ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਸਰਕਾਰੀ ਸੇਵਾਵਾਂ ਵਿੱਚ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਿਵੀਜ਼ਨ ਅਧੀਨ ਆਉਂਦੇ ਸਾਰੇ ਜ਼ਿਲ੍ਹਿਆਂ ਵਿੱਚ ਵਿਕਾਸ ਕਾਰਜਾਂ ਦੀ ਗਤੀ ਤੇਜ਼ ਕੀਤੀ ਜਾਵੇਗੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮੇਂ-ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਸ਼੍ਰੀ ਅਰੁਣ ਸੇਖੜੀ ਨੇ ਦੱਸਿਆ ਕਿ ਫਰੀਦਕੋਟ ਡਿਵੀਜ਼ਨ ਦੇ ਸਮੁੱਚੇ ਅਤੇ ਸੰਤੁਲਿਤ ਵਿਕਾਸ ਲਈ ਸਾਰੇ ਵਿਭਾਗਾਂ ਵਿਚਕਾਰ ਤਾਲਮੇਲ ਨਾਲ ਕੰਮ ਕੀਤਾ ਜਾਵੇਗਾ ਅਤੇ ਆਮ ਲੋਕਾਂ ਨੂੰ ਸੁਚੱਜਾ, ਪ੍ਰਭਾਵਸ਼ਾਲੀ ਅਤੇ ਲੋਕ-ਹਿਤਕਾਰੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪਹਿਲਕਦਮੀ ਰਹੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ, ਸਹਾਇਕ ਕਮਿਸ਼ਨਰ (ਜ) ਗੁਰਕਿਰਨਦੀਪ ਸਿੰਘ, ਐਸ.ਡੀ.ਐਮ. ਫਰੀਦਕੋਟ ਮੇਜਰ ਡਾ. ਵੂਰਣ ਕੁਮਾਰ ਵੀ ਹਾਜ਼ਰ ਸਨ।

## ਸ਼੍ਰੀ ਅਰੁਣ ਸੇਖੜੀ ਨੇ ਡਵੀਜਨਲ ਕਮਿਸ਼ਨਰ ਫਰੀਦਕੋਟ ਦਾ ਵਾਧੂ ਚਾਰਜ ਸੰਭਾਲਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 23 ਦਸੰਬਰ : ਮਾਊਂਟ ਲਰਨਿੰਗ ਜੂਨੀਅਰ ਸਕੂਲ ਫਰੀਦਕੋਟ ਵਿਖੇ ਕ੍ਰਿਸਮਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਕ੍ਰਿਸਮਸ ਇੱਕ ਅਜਿਹਾ ਤਿਉਹਾਰ ਹੈ, ਜੋ ਸਾਂਝਾ ਕਰਨ ਅਤੇ ਦੇਖਭਾਲ ਕਰਨ ਦੀ ਭਾਵਨਾ ਨੂੰ ਪ੍ਰੇਰਿਤ ਕਰਦਾ ਹੈ। ਸਕੂਲ ਦੇ ਵਿਹੜੇ ਵਿੱਚ ਕ੍ਰਿਸਮਸ ਦੇ ਜਸ਼ਨ ਮਨਾਏ ਗਏ। ਸਕੂਲ ਨੂੰ ਬਹੁਤ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ ਅਤੇ ਸਾਰੇ ਬੱਚੇ ਲਾਲ ਅਤੇ ਚਿੱਟੇ ਰੰਗ ਦੇ ਕੱਪੜੇ ਪਾਏ ਹੋਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਕ੍ਰਿਸਮਸ ਬਾਰੇ ਜਾਣਕਾਰੀ ਅਤੇ ਇਸਨੂੰ ਮਨਾਉਣ ਦੇ ਕਾਰਨਾਂ ਨਾਲ ਹੋਈ। ਵਿਦਿਆਰਥੀਆਂ ਨੇ 'ਜਿੰਗਲ ਬੈੱਲਜ਼' ਅਤੇ 'ਵੀ ਵਿਸ਼ ਯੂ ਏ ਮੈਰੀ ਕ੍ਰਿਸਮਸ' ਦੀਆਂ ਸੁਰੀਲੀਆਂ ਧੁਨਾਂ 'ਤੇ ਨੱਚਿਆ। ਸਾਂਤਾ ਕਲਾਜ਼ ਦੇ ਸ਼ਾਨਦਾਰ ਆਗਮਨ ਨੇ ਵਿਦਿਆਰਥੀਆਂ ਦੀ ਖੁਸ਼ੀ ਅਤੇ ਉਤਸ਼ਾਹ ਨੂੰ ਹੋਰ ਵਧਾ ਦਿੱਤਾ। ਤਿਉਹਾਰ ਮਨਾਉਣ ਦੀ ਖੁਸ਼ੀ ਸਾਰੇ ਬੱਚਿਆਂ ਦੇ ਚਿਹਰਿਆਂ 'ਤੇ ਸਾਫ਼ ਦਿਖਾਈ ਦੇ ਰਹੀ ਸੀ। ਇਹ ਸਾਰਿਆਂ ਲਈ ਇੱਕ ਖੁਸ਼ੀ ਭਰਿਆ ਅਤੇ ਮਨੋਰੰਜਕ ਪ੍ਰੋਗਰਾਮ ਸੀ। ਪੂਰਾ ਪ੍ਰੋਗਰਾਮ ਪ੍ਰਿੰਸੀਪਲ ਸੀਮਾ ਗੁਲਾਟੀ ਵੱਲੋਂ ਕ੍ਰਿਸਮਸ ਦੀਆਂ ਸ਼ੁਭਕਾਮਨਾਵਾਂ ਨਾਲ ਸਮਾਪਤ ਹੋਇਆ।

## ਤਰਕਸ਼ੀਲਾਂ ਵੱਲੋਂ ਸੁਚਾਰੂ, ਸਕਾਰਾਤਮਿਕ ਸੋਚ ਦਾ ਸੁਨੇਹਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ




ਸੰਗਰੂਰ 23 ਦਸੰਬਰ : ਸਥਾਨਕ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਐੱਨ ਐੱਸ ਐੱਸ ਕੈਂਪ ਕਮਾਂਡਰ ਮੈਡਮ ਗੁਰਪ੍ਰੀਤ ਕੌਰ ਦੀ ਯੋਗ ਅਗਵਾਈ ਵਿੱਚ ਚੱਲ ਰਹੇ ਸੱਤ ਰੋਜ਼ਾ ਕੈਂਪ ਦੇ ਤੀਸਰੇ ਦਿਨ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਾਨਸਿਕ ਸਿਹਤ ਤੇ ਮਸ਼ਵਰਾ ਵਿਭਾਗ ਦੇ ਸੂਬਾ ਮੁਖੀ ਜੁਝਾਰ ਸਿੰਘ ਲੌਂਗੋਵਾਲ ਵੱਲੋਂ ਵਲੰਟੀਅਰਾਂ ਨੂੰ ਸੰਬੋਧਿਤ ਕੀਤਾ ਗਿਆ। ਇਸ ਦੌਰਾਨ ਉਹਨਾਂ ਵੱਲੋਂ ਵਿਦਿਆਰਥੀਆਂ ਦੇ ਸਨਮੁੱਖ ਆਪਣੇ ਵਿਚਾਰ ਪੇਸ਼ ਕਰਦਿਆਂ ਸੁਚਾਰੂ ਅਤੇ ਸਕਾਰਾਤਮਕ ਜੀਵਨ ਜਿਉਣ ਦੀ ਸੇਧ ਦਿੱਤੀ ਗਈ। ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਨ ਅਤੇ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਕਰਨ ਬਾਰੇ ਉਹਨਾਂ ਵੱਲੋਂ ਵਿਸ਼ੇਸ਼ ਤੌਰ ਤੇ ਪ੍ਰੇਰਿਤ ਕੀਤਾ ਗਿਆ। ਵਹਿਮਾਂ ਭਰਮਾਂ ਦਾ ਖੰਡਨ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਹਰ ਤਰ੍ਹਾਂ ਦੇ ਡਰ ਮਨ ਵਿੱਚੋਂ ਕੱਢ ਕੇ ਤਾਰਕਿਕ ਬੁੱਧੀ ਰਾਹੀਂ ਅੱਗੇ ਵਧਣਾ ਚਾਹੀਦਾ ਹੈ। ਅਤੇ ਅਜਿਹਾ ਤਦ ਹੀ ਸੰਭਵ ਹੈ ਜੇਕਰ ਅਸੀਂ ਚੰਗਾ ਸਾਹਿਤ ਪੜ੍ਹਨਾ ਆਰੰਭ ਕਰੀਏ। ਉਹਨਾਂ ਵੱਲੋਂ ਸ਼ਹੀਦ ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ, ਉੱਧਮ ਸਿੰਘ ਅਤੇ ਕਰਤਾਰ ਸਿੰਘ ਸਰਾਭੇ ਵਰਗੇ ਦੇਸ਼ ਭਗਤਾਂ ਦੇ ਜੀਵਨ ਤੋਂ ਸੇਧ ਲੈਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ। ਉਹਨਾਂ ਆਉਣ ਵਾਲੇ ਸਾਲ ਵਿੱਚ ਆਦਰਸ਼ ਸਕੂਲ ਦੀ ਸਥਾਪਨਾ ਦੇ 75 ਸਾਲ ਪੂਰੇ ਹੋਣ ਤੇ ਪ੍ਰਿੰਸੀਪਲ ਜੋਗਾ ਸਿੰਘ ਤੂਰ, ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਪ੍ਰਿੰਸੀਪਲ ਸਰਦਾਰ ਜੋਗਾ ਸਿੰਘ ਤੂਰ ਵੱਲੋਂ ਪਹੁੰਚੇ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਬਰਨਾਲਾ ਸੰਗਰੂਰ ਦੇ ਜੋਨ ਆਗੂ ਗੁਰਦੀਪ ਸਿੰਘ ਲਹਿਰਾ, ਇਕਾਈ ਸੰਗਰੂਰ ਦੇ ਮੁਖੀ ਸੁਰਿੰਦਰ ਪਾਲ ਉਪਲੀ, ਗੁਰਵੀਰ ਸਿੰਘ ਅਤੇ ਕੁਲਬੀਰ ਸਿੰਘ ਹਾਜ਼ਰ ਸਨ

## ਕਲਮ, ਸੰਵੇਦਨਾ ਅਤੇ ਪਰਵਾਸ: ਹਰਕੀਰਤ ਕੌਰ ਚਹਿਲ ਨਾਲ 'ਸਿਰਜਣਾ ਦੇ ਆਰ–ਪਾਰ' ਅੰਤਰਰਾਸ਼ਟਰੀ ਪ੍ਰੋਗਰਾਮ ਦਾ ਰੂਬਰੂ ਯਾਦਗਾਰੀ ਪੈੜਾਂ ਛੱਡਦਾ ਹੋਇਆ ਸਮਾਪਤ ਹੋਇਆ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ 23 ਦਸੰਬਰ : ਅੰਤਰਰਾਸ਼ਟਰੀ ਪੰਜਾਬੀ ਸਾਹਿਤ ਨੂੰ ਜੋੜਨ ਅਤੇ ਸਰਹੱਦਾਂ ਤੋਂ ਪਾਰ ਸਾਂਝੀ ਸਿਰਜਣਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ, ਬਰੈਂਪਟਨ (ਕੈਨੇਡਾ) ਵੱਲੋਂ ਮਹੀਨਾਵਾਰ ਵਿਸ਼ੇਸ਼ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਆਰ–ਪਾਰ' ਦਾ ਔਨਲਾਈਨ ਆਯੋਜਨ 22 ਦਸੰਬਰ ਸੋਮਵਾਰ ਨੂੰ ਕੀਤਾ ਗਿਆ।ਇਹ ਪ੍ਰੋਗਰਾਮ ਸੰਸਥਾ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰੰਮੀ ਦੇ ਵਿਸ਼ੇਸ਼ ਯਤਨਾਂ ਅਤੇ ਸਾਹਿਤ ਪ੍ਰਤੀ ਸਮਰਪਿਤ ਦ੍ਰਿਸ਼ਟੀ ਦਾ ਨਤੀਜਾ ਸੀ। ਪ੍ਰੋਗਰਾਮ ਦੇ ਆਰੰਭ ਵਿਚ ਡਾ. ਸਰਬਜੀਤ ਕੌਰ ਸੋਹਲ ਚੇਅਰਪਰਸਨ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਨੇ ਵਿਸ਼ੇਸ਼ ਸ਼ਖਸੀਅਤ ਹਰਕੀਰਤ ਕੌਰ ਚਹਿਲ ਨੂੰ ਨਿੱਘੀ ਜੀ ਆਇਆਂ ਆਖਦਿਆਂ ਉਨ੍ਹਾਂ ਨੂੰ ਸਾਹਿਤ ਨੂੰ ਸਮਰਪਿਤ ਸ਼ਖਸੀਅਤ ਦੱਸਿਆ। ਡਾ. ਸੋਹਲ ਨੇ ਹਰਕੀਰਤ ਕੌਰ ਚਹਿਲ ਜੀ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਨੂੰ ਪ੍ਰੋੜ ਗਲਪੀ ਲੇਖਿਕਾ ਦੇ ਤੌਰ ਤੇ ਵਿਸ਼ੇਸ਼ ਹਸਤਾਖ਼ਰ ਦੱਸਿਆ। ਉਨ੍ਹਾਂ ਦੀਆਂ ਰਚਨਾਵਾਂ ਦੇ ਸਮਾਜਿਕ ਸਰੋਕਾਰਾਂ ਦੀ ਗੱਲ ਕੀਤੀ। ਉਪਰੰਤ ਰਮਿੰਦਰ ਰੰਮੀ ਨੇ ਵੀ ਹਰਕੀਰਤ ਚਹਿਲ ਜੀ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਪੰਜਾਬੀ ਸਾਹਿਤ ਦਾ ਮਾਣ ਦੱਸਿਆ।

ਇਸ ਸਾਹਿਤਕ ਸੰਵਾਦ ਦੀ ਮੁੱਖ ਮਹਿਮਾਨ ਪ੍ਰਸਿੱਧ ਪੰਜਾਬੀ ਲੇਖਿਕਾ ਹਰਕੀਰਤ ਕੌਰ ਚਹਿਲ ਸਨ, ਜਿਨ੍ਹਾਂ ਦੀ ਲਿਖਤ ਨੇ ਨਾਵਲ, ਕਹਾਣੀ, ਯਾਤਰਾ-ਵਿਰਤਾਂਤ ਅਤੇ ਆਤਮਕਥਾ ਦੇ ਰਾਹੀਂ ਪੰਜਾਬੀ ਸਾਹਿਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਜ਼ਬੂਤ ਪਛਾਣ ਦਿਵਾਈ ਹੈ।

ਪ੍ਰੋਗਰਾਮ ਵਿੱਚ ਪ੍ਰੋ ਕੁਲਜੀਤ ਕੌਰ ਨੇ ਮਾਡਰੇਟਰ ਦੇ ਤੌਰ 'ਤੇ ਸੰਵਾਦ ਨੂੰ ਸੁਚੱਜੇ, ਸੰਵੇਦਨਸ਼ੀਲ ਅਤੇ ਵਿਦਵਾਨਾ ਢੰਗ ਨਾਲ ਅੱਗੇ ਵਧਾਇਆ।

ਪ੍ਰੋਗਰਾਮ ਦੌਰਾਨ ਲੇਖਿਕਾ ਹਰਕੀਰਤ ਕੌਰ ਚਹਿਲ ਨੇ ਆਪਣੇ ਜੀਵਨ, ਸਿੱਖਿਆ ਅਤੇ ਸਾਹਿਤਕ ਯਾਤਰਾ ਨਾਲ ਜੁੜੇ ਅਨੇਕਾਂ ਮਹੱਤਵਪੂਰਨ ਪੱਖ ਸਾਂਝੇ ਕੀਤੇ।ਬੀ ਐਸ ਸੀ ਐਗਰੀਕਲਚਰ ਵਰਗੀ ਵਿਗਿਆਨਕ ਅਤੇ ਸਿੱਖਿਆਤਮਕ ਪਿਠਭੂਮੀ ਹੋਣ ਦੇ ਬਾਵਜੂਦ, ਉਨ੍ਹਾਂ ਦੀ ਕਲਮ ਸੰਵੇਦਨਾ, ਮਨੁੱਖੀ ਰਿਸ਼ਤਿਆਂ ਅਤੇ ਸਮਾਜਕ ਹਕੀਕਤਾਂ ਨੂੰ ਗਹਿਰਾਈ ਨਾਲ ਛੂੰਹਦੀ ਹੈ।ਅਧਿਆਪਕਾ ਅਤੇ ਸਕੂਲ ਪ੍ਰਿੰਸਪਲ ਦੇ ਤਜਰਬੇ ਨੇ ਉਨ੍ਹਾਂ ਦੀ ਲਿਖਤ ਨੂੰ ਅਨੁਸ਼ਾਸਨ, ਨਿਰੀਖਣ ਅਤੇ ਮਨੋਵਿਗਿਆਨਕ ਸਮਝ ਪ੍ਰਦਾਨ ਕੀਤੀ—ਇਹ ਗੱਲ ਸੰਵਾਦ ਦੌਰਾਨ ਸਪਸ਼ਟ ਰੂਪ ਵਿੱਚ ਉਭਰੀ।

### ਨਾਵਲ ਅਤੇ ਪਰਵਾਸੀ ਅਨੁਭਵ

ਲੇਖਿਕਾ ਦੇ ਪ੍ਰਸਿੱਧ ਨਾਵਲ 'ਆਦਮ ਗ੍ਰਹਿਣ, 'ਚੰਨਣ ਰੁੱਖ' ਅਤੇ 'ਚਿਰਾਗਾਂ ਵਾਲੀ ਰਾਤ' ਬਾਰੇ ਗੱਲਬਾਤ ਕਰਦਿਆਂ ਇਹ ਸਪਸ਼ਟ ਹੋਇਆ ਕਿ ਉਨ੍ਹਾਂ ਦੀ ਸਿਰਜਣਾ ਮਨੁੱਖੀ ਅਸਤਿਤਵ, ਪਰਵਾਸੀ ਪੀੜਾ, ਯਾਦਾਂ ਅਤੇ ਪਛਾਣ ਦੇ ਸਵਾਲਾਂ ਨਾਲ ਗਹਿਰਾਈ ਨਾਲ ਜੁੜੀ ਹੋਈ ਹੈ।ਪਰਦੇਸ ਵਿੱਚ ਰਹਿ ਕੇ ਵੀ ਪੰਜਾਬ ਦੀ ਮਿੱਟੀ, ਸੰਸਕਾਰ ਅਤੇ ਬੋਲੀ ਉਨ੍ਹਾਂ ਦੀ ਲਿਖਤ ਵਿੱਚ ਧੜਕਦੀ ਰਹੀ।ਸੰਵਾਦ ਦਾ ਇੱਕ ਮਹੱਤਵਪੂਰਨ ਪੱਖ ਲੇਖਿਕਾ ਦੀਆਂ ਰਚਨਾਵਾਂ ਦੇ ਸ਼ਾਹਮੁਖੀ, ਹਿੰਦੀ, ਅੰਗਰੇਜ਼ੀ ਅਤੇ ਸਿੰਧੀ ਵਿੱਚ ਹੋਏ ਅਨੁਵਾਦ ਸਨ।

ਖ਼ਾਸ ਤੌਰ 'ਤੇ 'ਆਦਮ ਗ੍ਰਹਿਣ ਦੇ ਕਈ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਪਾਕਿਸਤਾਨ ਵਿੱਚ ਪ੍ਰਕਾਸ਼ਨ ਨੇ ਪੰਜਾਬੀ ਸਾਹਿਤ ਦੀ ਸਾਂਝੀ ਵਿਰਾਸਤ ਨੂੰ ਹੋਰ ਮਜ਼ਬੂਤ ਕੀਤਾ।ਲੇਖਿਕਾ ਨੇ ਅਨੁਵਾਦ ਨੂੰ ਸਿਰਫ਼ ਭਾਸ਼ਾਈ ਨਹੀਂ, ਸਗੋਂ ਸੱਭਿਆਚਾਰਕ ਪੁਲ ਵਜੋਂ ਵੇਖਣ ਦੀ ਗੱਲ ਕਹੀ।

ਯਾਤਰਾ-ਬਿਰਤਾਂਤਾਂ 'ਲੱਠੇ ਲੋਕ ਲਾਹੌਰ ਦੇ' ਅਤੇ 'ਰਾਵੇ ਦੇਸ ਹੋਏ ਪਰਦੇਸ' ਰਾਹੀਂ ਲੇਖਿਕਾ ਨੇ ਸਫ਼ਰ ਨੂੰ ਸਿਰਫ਼ ਥਾਂਵਾਂ ਨਹੀਂ, ਸਗੋਂ ਲੋਕਾਂ, ਸਭਿਆਚਾਰ ਅਤੇ ਇਤਿਹਾਸ ਨਾਲ ਜੋੜਿਆ।ਆਤਮਕਥਾ 'ਇੰਜ ਪਰਦੇਸੀ ਹੋਏ' ਨੇ ਲੇਖਿਕਾ ਦੀ ਅੰਦਰੂਨੀ ਯਾਤਰਾ ਨੂੰ ਬਹੁਤ ਸਚਾਈ ਅਤੇ ਹਿੰਮਤ ਨਾਲ ਪੇਸ਼ ਕੀਤਾ ਲੇਖਿਕਾ ਨੂੰ ਮਿਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਇਨਾਮ—ਜਿਵੇਂ ਢਾਹਾਂ ਇੰਟਰਨੈਸ਼ਨਲ, ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ ਲਾਹੌਰ,ਆਤਮ ਰਾਹੀਂ ਅਵਾਰਡ , ਦਿਲ ਦਰਿਆ ਅਵਾਰਡ ਪਾਕਿਸਤਾਨ, ਪੰਜਾਬ ਦੀ ਧੀ ਸੁਰਜੀਤ ਕੌਰ ਮਾਂਜੀ ਪੁਰਸਕਾਰ ਆਦਿ—ਬਾਰੇ ਗੱਲਬਾਤ ਦੌਰਾਨ ਇਹ ਭਾਵ ਸਪਸ਼ਟ ਸੀ ਕਿ ਇਨਾਮ ਉਨ੍ਹਾਂ ਲਈ ਮੰਜ਼ਿਲ ਨਹੀਂ, ਸਗੋਂ ਜ਼ਿੰਮੇਵਾਰੀ ਹਨ। ਇਹ ਵਰਨਣਯੋਗ ਹੈ ਕਿ ਹਰਕੀਰਤ ਕੌਰ ਚਹਿਲ ਨੇ ਆਪਣੀਆਂ ਗਲਪ ਰਚਨਾਵਾਂ ਪਰੀਆਂ ਸੰਗ ਪਰਵਾਜ਼, ਤੇਰੇ ਬਾਝੋਂ, ਥੋਹਰਾਂ ਦੇ ਫੁੱਲ , ਤੇਰੇ ਨਾਲ ਮੁਹੱਬਤ ਡਾਢੀ, ਆਦਮ ਗ੍ਰਹਿਣ,ਚੰਨਣ ਰੁੱਖ, ਪੱਤਣ ਉਡੀਕਣ ਬੇੜੀਆਂ , ਚਿਰਾਗਾਂ ਵਾਲੀ ਰਾਤ ਅਤੇ ਸਫ਼ਰਨਾਮਾ ਵੱਡੇ ਲੋਕ ਲਾਹੌਰ ਦੇ, ਪਰੀਆਂ ਤੇ ਪਰਵਾਸ,ਰਾਵੀ ਦੇਸ਼ ਹੋਇਆ ਪਰਦੇਸ ਅਤੇ ਆਤਮ ਕਥਾ ਇੰਜ ਪਰਦੇਸਣ ਹੋਈ ਨਾਲ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਪਛਾਣ ਬਣਾਈ ਹੈ। ਪ੍ਰੋਗਰਾਮ ਵਿੱਚ ਪਾਕਿਸਤਾਨ ਤੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਮੁਦੱਸਰ ਬਸ਼ੀਰ ਜੀ ਨੇ ਹਰਕੀਰਤ ਚਹਿਲ ਜੀ ਦੀਆਂ ਰਚਨਾਵਾਂ ਨੂੰ ਹੱਥਾਂ ਸਰਹੱਦਾਂ ਤੋਂ ਪਾਰ ਮਾਨਵ ਹਿਤੈਸ਼ੀ ਦੱਸਿਆ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰ ਸ੍ਰ . ਮਲੂਕ ਸਿੰਘ ਕਾਹਲੋਂ ਨੇ ਵੀ ਪ੍ਰੋਗਰਾਮ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ।ਇਸ ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਸਿੱਧ ਪੰਜਾਬੀ ਲੇਖਿਕਾ ਅਤੇ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਦੀ ਸਰਪ੍ਰਸਤ ਸੁਰਜੀਤ ਟੋਰਾਂਟੋ ਨੇ ਹਰਕੀਰਤ ਚਹਿਲ ਦੀਆਂ ਲਿਖਤਾਂ ਨੂੰ ਪ੍ਰਵਾਸੀ ਲੇਖਕਾਂ ਵਿਚੋਂ ਮੋਹਰਲੀ ਕਤਾਰ ਦੀਆਂ ਲਿਖਤਾਂ ਦੱਸਿਆ। ਉਨ੍ਹਾਂ ਨੇ ਚਹਿਲ ਨੂੰ ਸ਼ਬਦਾਂ ਨੂੰ ਸਮਰਪਿਤ ਸ਼ਖਸੀਅਤ ਦੱਸਿਆ ਜੋ ਪੂਰੀ ਸ਼ਿੱਦਤ ਨਾਲ ਆਪਣੇ ਕਿਰਦਾਰਾਂ ਨਾਲ ਸਾਂਝ ਪਾ ਕੇ ਗਲਪ ਰਚਨਾ ਕਰਦੀ ਹੈ। ਇਸ ਤੋਂ ਇਲਾਵਾ ਡਾ . ਪੁਸ਼ਵਿੰਦਰ,ਡਾ . ਅਮਰ ਜੋਤੀ ਮਾਂਗਟ, ਅਵਤਾਰ ਜੀਤ,ਹਰਮੀਤ ਵਿਦਿਆਰਥੀ, ਗੁਰਚਰਨ ਸਿੰਘ ਜੋਗੀ, ਸਤਬੀਰ ਸਿੰਘ ਆਦਿ ਨੇ ਪ੍ਰੋਗਰਾਮ ਸਬੰਧੀ ਆਪਣੇ ਪ੍ਰਭਾਵ ਦੱਸੇ। ਇਸ ਪ੍ਰੋਗਰਾਮ ਵਿੱਚ ਰਿੰਟੂ ਭਾਟੀਆ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਨੇ ਵੀ ਹਰਕੀਰਤ ਚਹਿਲ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਧੀਆ ਲੇਖਿਕਾ ਹੋਣ ਦੇ ਨਾਲ ਨਾਲ ਵਧੀਆ ਇਨਸਾਨ ਦੱਸਿਆ।

ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ।

'ਸਿਰਜਣਾ ਦੇ ਆਰ–ਪਾਰ' ਪ੍ਰੋਗਰਾਮ ਦਾ ਇਹ ਕੇਵਲ ਸੰਵਾਦ ਨਹੀਂ, ਸਗੋਂ ਪੰਜਾਬੀ ਸਾਹਿਤ ਦੀ ਅੰਤਰਰਾਸ਼ਟਰੀ ਸਾਂਝ, ਨਾਰੀ ਅਵਾਜ਼ ਅਤੇ ਸੰਵੇਦਨਸ਼ੀਲ ਕਲਮ ਦਾ ਇੱਕ ਜੀਂਦਾ ਜਾਗਦਾ ਸਬੂਤ ਸੀ।

ਮਾਡਰੇਟਰ ਦੇ ਤੌਰ 'ਤੇ ਪ੍ਰੋ ਕੁਲਜੀਤ ਕੌਰ ਵੱਲੋਂ ਕੀਤੀ ਗਈ ਸੰਵੇਦਨਸ਼ੀਲ ਅਤੇ ਸੁਚੱਜੀ ਅਗਵਾਈ ਨੇ ਸੰਵਾਦ ਨੂੰ ਗਹਿਰਾਈ ਪ੍ਰਧਾਨ ਕੀਤੀ।

ਇਹ ਪ੍ਰੋਗਰਾਮ ਨਿਸ਼ਚਿਤ ਹੀ ਪੰਜਾਬੀ ਸਾਹਿਤ ਦੇ ਆਗਾਮੀ ਦੌਰ ਲਈ ਇੱਕ ਪ੍ਰੇਰਕ ਅਤੇ ਯਾਦਗਾਰ ਕਦਮ ਸਾਬਤ ਹੋਇਆ। ਇਸ ਮੌਕੇ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ ਦਾ ਈ ਮੈਗਜ਼ੀਨ ਨਵੰਬਰ ਦਸੰਬਰ ਅੰਕ ਜਿਸ ਦੀ ਸੰਪਾਦਨਾ ਰਮਿੰਦਰ ਰਮੀ ਕਰਦੇ ਹਨ ਉਹ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਵਿੱਚ ਡਾ ਸਰਬਜੀਤ ਕੌਰ ਸੋਹਲ ਨੇ ਸਾਹਿਤ ਅਕਾਦਮੀ ਵਿੱਚ ਬੇ ਲੋੜੀ ਸਰਕਾਰੀ ਦਖ਼ਲਅੰਦਾਜ਼ੀ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਇਸ ਦੀ ਨਿੰਦਿਆ ਕੀਤੀ।

ਰਮਿੰਦਰ ਰੰਮੀ ਨੇ ਹਰਕੀਰਤ ਕੌਰ ਚਹਿਲ ਨੂੰ ਉਹਨਾਂ ਨੂੰ ਢਾਹਾਂ ਅਵਾਰਡ ਮਿਲਣ ਦੀ ਸਮੂਹ ਮੈਂਬਰਜ਼ ਵੱਲੋਂ ਮੁਬਾਰਕਬਾਦ ਦਿੱਤੀ ।

ਰਮਿੰਦਰ ਰੰਮੀ ਨੇ ਕਿਹਾ ਕਿ ਪ੍ਰੋ. ਕੁਲਜੀਤ ਕੌਰ ਜੀ ਸਿਰਜਨਾ ਦੇ ਆਰ ਪਾਰ ਵਿੱਚ ਬਹੁਤ ਹੀ ਸਹਿਜਤਾ ਵਿੱਚ ਪ੍ਰੋਗਰਾਮ ਕਰਦੇ ਹਨ , ਉਹਨਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ ਸਿਰਜਨਾ ਦੇ ਆਰ ਪਾਰ ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ ।

ਅੰਤ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਵੀ ਕੀਤਾ ।


ਰਮਿੰਦਰ ਰੰਮੀ ਨੇ ਕਿਹਾ ਕਿ :-

" ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ "ਜੋੜਾ ਲਾਲਾਂ ਦਾ" ਲੈ ਹਾਜ਼ਰ ਹੈ :- ਗੀਤਕਾਰ ਜਸਵੰਤ ਬੋਪਾਰਾਏ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ




ਹਰ ਵਰਗ ਦੀ ਪਹਿਲੀ ਪਸੰਦ ਬਣਿਆ ਹੋਇਆ ਗੀਤ " ਜੋੜਾ ਲਾਲਾਂ ਦਾ" :- ਗੀਤਕਾਰ ਚਮਕੌਰ ਥਾਂਦੇਵਾਲ ਪੰਜਾਬੀ ਸੰਗੀਤਕ ਖ਼ੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲ਼ੇ ਪੰਜਾਬੀ ਦੇ ਹਸਤਾਖਰ ਪ੍ਰਸਿੱਧ ਗੀਤਕਾਰ ਜਸਵੰਤ ਬੋਪਾਰਾਏ ਜੀ ਆਪਣੀ ਬਾਕਮਾਲ ਗੀਤਕਾਰੀ ਨਾਲ ਸਮੇਂ ਸਮੇਂ ਤੇ ਸੰਗੀਤਕ ਖੇਤਰ ਵਿੱਚ ਆਪਣੀ ਹਾਜ਼ਰੀ ਲਗਵਾਉਦੇ ਰਹਿੰਦੇ ਹਨ। ਸੰਗੀਤਕ ਪੱਤਰਕਾਰ ਸ਼ਿਵਨਾਥ ਦਰਦੀ ਜੀ ਨਾਲ਼ ਗੱਲਬਾਤ ਕਰਦਿਆਂ "ਗੀਤਕਾਰ ਚਮਕੌਰ ਥਾਂਦੇਵਾਲਾ ਜੀ" ਨੇ ਦੱਸਿਆ ਕਿ 'ਨਾਨਕ ਤੇਰੀ ਬਾਣੀ' ਤੋਂ ਬਾਅਦ , ਹੁਣ ਗੁਰੂਆਂ ਦੇ ਪਰਿਵਾਰ ਵਿਛੋੜੇ ਨੂੰ ਯਾਦ ਕਰਦਿਆ 'ਜੋੜਾ ਲਾਲਾਂ ਦਾ' ਧਾਰਮਿਕ ਗ਼ੀਤ ਰਾਹੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜ਼ਲੀ ਭਰੇ ਸ਼ਬਦਾਂ ਦੀ ਰਸਦ ਭੇਟ ਕਰਦੇ ਹਨ । ਜੋ ਸਾਧ ਸੰਗਤਾਂ ਦੀ ਪਹਿਲੀ ਪਸੰਦ ਬਣ ਰਹੇ ਨੇ , ਇਸ ਧਾਰਮਿਕ ਗ਼ੀਤ ਨੂੰ ਮਿੱਠੀ ਤੇ ਸੁਰੀਲੀ ਅਤੇ ਦਮਦਾਰ ਅਵਾਜ਼ ਪੰਜਾਬੀ ਮਾਂ ਬੋਲੀ ਦੇ ਲਾਲਡੇ ਲੋਕ ਗਾਇਕ "ਗੁਰਪ੍ਰੀਤ ਰੂਬਲ ਜੀ" ਨੇ ਦਿੱਤੀ ਹੈ। ਇਸ ਨੂੰ ਸੰਗੀਤ ਦੀਆਂ ਮਨਮੋਹਕ ਮਿੱਠੀਆਂ ਧੁਨਾਂ ਨਾਲ਼ ਸ਼ਿੰਗਾਰਿਆ ਹੈ , ਚਰਚਿਤ ਸੰਗੀਤਕਾਰ "ਡੀ. ਜੇ ਨਰਿੰਦਰ" ਨੇ । ਮਿਕਸ ਮਾਸਟਰ ਯਸ਼ਵਿਨੀ ਸਿੰਘ। ਡਾਇਰੈਕਟਰ ਥਿੰਦ ਸੰਨੀ। ਇਸ ਧਾਰਮਿਕ ਗ਼ੀਤ ਦਾ ਫਿਲਮਾਂਕਣ ਪ੍ਰਸਿੱਧ ਕੈਮਰਾਮੈਨ "ਸੁਰਿੰਦਰ ਸਿੱਧੂ ਜੀ" ਨੇ ਆਪਣੀ ਬਾਕਮਾਲ ਸੂਖਮ ਸੋਚ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਤਿਆਰ ਕੀਤਾ ਹੈ। ਇਸ ਧਾਰਮਿਕ ਗ਼ੀਤ ਨੂੰ "ਜੇ ਆਰ ਰਿਕਾਰਡ" ਵੱਲੋਂ ਰਲੀਜ਼ ਕੀਤਾ ਗਿਆ ਹੈ , ਜੋ ਕਿ ਬਹੁਤ ਹੀ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਉਭਰ ਕੇ ਸਾਹਮਣੇ ਆਇਆ ਹੈ ਤੇ ਇਹ ਧਾਰਮਿਕ ਗ਼ੀਤ ਹਰ ਵਰਗ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ।

ਅਖ਼ੀਰ ਵਿੱਚ ਗੱਲਬਾਤ ਦੌਰਾਨ ਗੀਤਕਾਰ "ਚਮਕੌਰ ਥਾਂਦੇਵਾਲਾ ਜੀ" ਨੇ ਸਾਰੇ ਹੀ ਚਾਹੁੰਣ ਵਾਲਿਆਂ ਦਾ ਧੰਨਵਾਦ ਕੀਤਾ ਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ । ਦੁਆਵਾਂ

## ਗੋਬਿੰਦ ਚੋਜ਼ੀ,ਪ੍ਰੀਤਮ ਮਾਹੀ



ਜਲ ਵਿੱਚ ਪਤਾਸੇ ਪਾ ਕੇ।
ਅੰਮ੍ਰਿਤ ਦਿੱਤਾ ਬਣਾ ਕੇ।
ਸਿੱਖਾਂ ਤਾਂਈ ਪਿਲਾ ਕੇ।
ਇਹ ਹੁਕਮ ਸੁਣਾ ਦਿੱਤਾ......
ਕਰਿਓ ਮਜ਼ਲੂਮਾਂ ਦੀ ਰਾਖੀ,
ਥੋਨੂੰ ਸ਼ੇਰ ਬਣਾ ਦਿੱਤਾ।
"" "" "" "" ""

ਗੁਰੂ ਨੇ ਮੁਏ ਕਰੇ ਜੀਵਾਲੇ।
ਜੋ ਸਨ ਗਿੱਦੜ,ਸ਼ੇਰ ਬਣਾ ਲੇ।
ਚਿੱਟੇ ਹੋ ਗਏ ਸੀ ਦਿਲ ਕਾਲੇ।
ਆਪਣਾਂ ਰੂਪ ਬਣਾ ਦਿੱਤਾ........
ਕਰਿਓ ਮਜ਼ਲੂਮਾਂ ਦੀ,,,,,,,,,।

ਸਿੰਘ ਬਣ ਗਏ ਸੰਤ ਸਿਪਾਹੀ।
ਚੜ੍ਹੀ ਖੱਖ ਜ਼ੁਲਮ ਦੀ ਲਾਹੀ।
ਗੋਬਿੰਦ ਚੋਜ਼ੀ, ਪ੍ਰੀਤਮ ਮਾਹੀ।
ਦੁਸ਼ਮਣ ਤਾਈਂ ਜਣਾ ਦਿੱਤਾ.......
ਕਰਿਓ ਮਜ਼ਲੂਮਾਂ ਦੀ,,,,,,,,।

ਐਸਾ ਖਾਲਸਾ ਪੰਥ ਸਜਾਇਆ।
ਗੁਰੂ ਚੇਲਾ ਆਪ ਅਖਵਾਇਆ।
ਸਭ ਨੂੰ ਇੱਕੋ ਪਾਠ ਪੜ੍ਹਾਇਆ।
ਜੋ ਕਰਨਾ ਕੰਮ ਗਿਣਾ ਦਿੱਤਾ......
ਕਰਿਓ ਮਜ਼ਲੂਮਾਂ ਦੀ,,,,,,,,,।

'ਹਰਪ੍ਰੀਤ' ਹੈ ਸੱਚੀ ਗੱਲ ਕਹਿੰਦਾ।
ਉਸਦੇ ਦਿਲ ਵਿਚ ਗੁਰੂ ਹੈ ਰਹਿੰਦਾ।
'ਪੱਤੋ' ਨਾਮ ਗੁਰੂ ਗੋਬਿੰਦ ਦਾ ਲੈਂਦਾ।
ਦਿਲ 'ਤੇ ਸਿੰਘ ਖੁਣਵਾ ਦਿੱਤਾ.........
ਕਰਿਓ ਮਜ਼ਲੂਮਾਂ ਦੀ ਰਾਖੀ,
ਥੋਨੂੰ ਸ਼ੇਰ ਬਣਾ ਦਿੱਤਾ।
"" "" "" "" ""

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ


## 'ਔਰਤਾਂ ਦਾ ਵਜੂਦ'

ਵਰਲਡ ਪੰਜਾਬੀ ਟਾਈਮਜ਼
ਅਮਨਦੀਪ ਕੌਰ ਗੋਂਦਾਰਾ



ਅੱਜ ਵੀ ਔਰਤਾਂ ਆਪਣੀ ਪਹਿਚਾਣ ਨਹੀਂ ਮਿਲੀ ਭਾਵੇਂ ਸਮਾਜ ਨੇ ਕਿੰਨੀ ਵੀ ਤਰੱਕੀ ਕਰ ਲਈ ਹੋਵੇ। ਅੱਜ ਵੀ ਉਸਦੀ ਪਹਿਚਾਣ ਉਸਦੇ ਪਿਤਾ, ਭਰਾ ਜਾਂ ਘਰ ਵਾਲੇ ਦੇ ਨਾਮ ਤੋਂ ਕੀਤੀ ਜਾਂਦੀ ਹੈ। ਅੱਜ ਵੀ ਬਹੁਤ ਘੱਟ ਔਰਤਾਂ ਹਨ, ਜਿਨ੍ਹਾਂ ਨੂੰ ਲੋਕ ਉਨ੍ਹਾਂ ਦੇ ਨਾਮ ਤੋਂ ਜਾਣਦੇ ਹਨ। ਉਹ ਵੀ ਬਹੁਤ ਪ੍ਰਭਾਵਸ਼ਾਲੀ ਹਸਤੀਆਂ ਹੋਣਗੀਆਂ ਨਹੀਂ ਤਾਂ ਔਰਤਾਂ ਦੀ ਆਪਣੀ ਪਹਿਚਾਣ ਬਹੁਤ ਧੁੰਦਲੀ ਹੈ।ਅੱਜ ਦੇ ਸਮੇਂ ਵਿੱਚ ਔਰਤਾਂ ਨੇ ਆਪਣੇ ਆਪ ਨੂੰ ਸਾਬਿਤ ਕਰ ਦਿੱਤਾ ਹੈ ਕਿ ਉਹ ਕਿਤੇ ਵੀ ਮਰਦਾਂ ਤੋਂ ਘੱਟ ਨਹੀਂ ਹਨ ਕਿਹੜਾ ਕੰਮ ਆ ਜੋ ਉਹ ਨਹੀਂ ਕਰ ਸਕਦੀਆਂ ਬੇਸ਼ੱਕ ਮਰਦਾ ਮੁਕਾਬਲੇ ਉਨ੍ਹਾਂ ਦੀ ਸਰੀਰਕ ਤਾਕਤ ਘੱਟ ਹੁੰਦੀ ਹੈ ਪਰ ਮਾਨਸਿਕ ਤੌਰ 'ਤੇ ਉਹ ਮਰਦਾਂ ਨਾਲੋਂ ਜ਼ਿਆਦਾ ਤਾਕਤਵਰ ਹਨ। ਸ਼ਾਇਦ ਮਰਦ ਪ੍ਰਧਾਨ ਸਮਾਜ ਵੀ ਹੁਣ ਇਸਨੂੰ ਸਮਝ ਚੁੱਕਿਆ ਹੈ। ਇਸ ਲਈ ਉਨ੍ਹਾਂ ਦੀ ਕਿਸੇ ਉਪਲਬਧੀ ਦੀ ਉਨ੍ਹੀ ਸ਼ਲਾਘਾ ਨਹੀਂ ਕੀਤੀ ਜਾਂਦੀ ਜਿਨ੍ਹਾਂ ਉਨ੍ਹਾਂ ਦੀ ਗਲਤੀ ਕਰਨ ਤੇ ਉਨ੍ਹਾਂ ਦੀ ਨਿੰਦਿਆ ਕੀਤੀ ਜਾਂਦੀ ਹੈ। ਉਨ੍ਹਾਂ ਦੇ ਪਹਿਰਾਵੇ ਤੇ ਉਨ੍ਹਾਂ ਦੇ ਲੋਕਾਂ ਵਿੱਚ ਵਿਚਰਨ ਦੇ ਢੰਗ ਤੋਂ ਉਨ੍ਹਾਂ ਦੇ ਚਰਿੱਤਰ ਨੂੰ ਬਿਆਨ ਕਰ ਦਿੱਤਾ ਜਾਂਦਾ ਹੈ। ਜੇ ਕੋਈ ਔਰਤ ਖੁਸਮਿਜਾਜੀ ਹੁੰਦੀ ਹੈ, ਸਭ ਨੂੰ ਹੱਸ ਕੇ ਪਿਆਰ ਨਾਲ ਮਿਲਦੀ ਆ ਉਸ ਨੂੰ ਗਲਤ ਬਣਾ ਦਿੱਤਾ ਜਾਂਦਾ ਹੈ ਜੇ ਇਹੀ ਸੁਭਾਅ ਉਹ ਉਦੋਂ ਕਾਇਮ ਰੱਖਦੀ ਹੈ ਜਦੋਂ ਉਹ ਕਿਸੇ ਵੱਡੇ ਅਹੁਦੇ ਤੇ ਹੁੰਦੀ ਹੈ ਫਿਰ ਹਰ ਕੋਈ ਉਸਦੀ ਤਾਰੀਫ਼ ਕਰਦਾ ਨਹੀਂ ਥੱਕਦਾ ਕਿ ਉਹ ਬਹੁਤ ਮਿਲਣਸਾਰ ਹੈ। ਮਰਦਾਂ ਦੇ ਹਿਸਾਬ ਨਾਲ ਸੰਗ ਸਰਮ ਔਰਤਾ ਦੇ ਗਹਿਣੇ ਹਨ ਪਰ ਇਹ ਪੁਰਾਣੇ ਸਮਾਜ ਅਨੁਸਾਰ ਸਹੀ ਸੀ ਉਦੋਂ ਔਰਤਾਂ ਸਿਰਫ਼ ਆਪਣੇ ਘਰ ਤੱਕ ਸੀਮਤ ਸਨ ਨਾ ਉਹ ਬਹੁਤਾ ਕਿਸੇ ਨੂੰ ਜਾਣਦੀਆਂ ਸਨ। ਕੀ ਅੱਜ ਦੇ ਸਮੇਂ ਵਿੱਚ ਨੀਵੀ ਪਾ ਕੇ ਰੱਖਣ ਵਾਲੀ ਜਾ ਦੱਬੀ ਆਵਾਜ਼ ਵਿੱਚ ਗੱਲ ਕਰਨ ਵਾਲੀ ਔਰਤ ਸਫਲ ਹੋ ਸਕਦੀ ਹੈ। ਜੋ ਔਰਤ ਮਰਦ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰਦੀ ਹੈ ਇਸਦਾ ਮਤਲਬ ਇਹ ਨਹੀਂ ਕਿ ਉਹ ਗਲਤ ਸੋਚ ਰੱਖਦੀ ਹੈ ਬਲਕਿ ਉਹ ਵਿਸ਼ਵਾਸ ਨਾਲ ਭਰੀ ਹੁੰਦੀ ਹੈ ਉਹ ਸਭ ਤੇ ਭਰੋਸਾ ਜਿਤਾਉਂਦੀ ਹੈ। ਜੇ ਮਰਦ ਇਸਨੂੰ ਗਲਤ ਲੈ ਰਿਹਾ ਤਾਂ ਕਮੀ ਮਰਦ ਦੀ ਸੋਚ ਵਿੱਚ ਹੈ ਨਾ ਕਿ ਔਰਤ ਦੇ ਚਰਿੱਤਰ ਵਿੱਚ। ਜੋ ਔਰਤ ਜਗ ਜਣਨੀ ਹੈ ਉਸਨੂੰ ਕਿਸੇ ਪੱਖ ਤੋਂ ਘੱਟ ਕਿਵੇਂ ਲਿਆ ਜਾ ਸਕਦਾ ਹੈ। ਕੁਦਰਤ ਨੇ ਉਸਨੂੰ ਕਿੰਨੇ ਵਰਦਾਨ ਦਿੱਤੇ ਹਨ ਜਿੰਨਾ ਵਿੱਚ ਸਬਰ ਸਹਿਣਸ਼ੀਲਤਾ ਸਭ ਤੋਂ ਉੱਪਰ ਹੈ। ਔਰਤਾਂ ਮੁਕਾਬਲੇ ਮਰਦਾਂ ਵਿੱਚ ਇਹ ਬਹੁਤ ਘੱਟ ਹੈ। ਮਰਦ ਸਮਾਜ ਨੇ ਗਾਲ੍ਹਾਂ ਵੀ ਔਰਤਾਂ ਦੇ ਰਿਸ਼ਤਿਆਂ ਤੋਂ ਬਣਾ ਦਿੱਤੀਆਂ ਪਰ ਹੁਣ ਸਮਾਜ ਨੂੰ ਸਮਝਣ ਦੀ ਲੋੜ ਹੈ ਸਮਾਜ ਵਿੱਚ ਇੱਕਲੇ ਮਰਦ ਹੀ ਨਹੀਂ ਬਲਕਿ ਔਰਤਾਂ ਵੀ ਔਰਤਾਂ ਦੇ ਵਜੂਦ ਨੂੰ ਢਾਹ ਲਾਉਂਦੇ ਹਨ। ਔਰਤਾਂ ਦੀ ਆਪਣੀ ਪਹਿਚਾਣ ਬਣਨੀ ਹੀ ਬਹੁਤ ਔਖੀ ਹੈ ਜੇ ਕੋਈ ਔਰਤ ਸਮਾਜ ਦੀ ਸੋਚ ਵਿਰੋਧੀ ਕੰਮ ਕਰਦੀ ਹੈ ਫਿਰ ਉਸਦੇ ਚਰਿੱਤਰ 'ਤੇ ਉਂਗਲ ਚੁੱਕ ਕੇ ਹੀ ਉਸਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਔਰਤ ਸਫਲ ਉਦੋਂ ਬਣਦੀ ਹੈ ਜਦ ਉਹ ਸਮਾਜ ਦੀਆਂ ਗੱਲਾਂ ਨੂੰ ਇੱਕ ਪਾਸੇ ਕਰਕੇ ਆਪਣੇ ਆਪ 'ਤੇ ਕੰਮ ਕਰਦੀ ਹੈ। ਜਦ ਤੱਕ ਉਹ ਕਿਸੇ ਮੁਕਾਮ 'ਤੇ ਪਹੁੰਚ ਨਹੀਂ ਜਾਂਦੀ, ਉਸਦੀ ਆਲੋਚਨਾ ਹੁੰਦੀ ਰਹਿੰਦੀ ਹੈ, ਜਦ ਉਹ ਸਿਖਰਾਂ ਤੇ ਪਹੁੰਚ ਜਾਂਦੀ ਹੈ ਫਿਰ ਸਾਰੇ ਉਸਦੀਆਂ ਤਾਰੀਫਾਂ ਕਰਦੇ ਹਨ।

## ਚਮਕੌਰ ਦੀ ਗੜ੍ਹੀ




ਕਿਲ੍ਹਾ ਆਨੰਦਪੁਰ ਦਾ ਜਦ ਦਸਮ ਪਾਤਸ਼ਾਹ ਛੱਡਿਆ
ਪਹਾੜੀ ਰਾਜਿਆਂ ਨੇ ਖਾਧੀਆਂ ਸੌਹਾਂ ਦਾ ਗੱਲ ਵੱਢਿਆਂ।

ਮੁਗਲ ਫੌਜਾਂ ਟਿੱਡੀ ਦਲ ਵਾਂਗ ਆਉਣ ਚੜ੍ਹੀਆਂ
ਕੱਚੀ ਗੜ੍ਹੀ ਦੇ ਬਾਹਰ ਲੱਖਾਂ ਦੀ ਗਿਣਤੀ ਖੜ੍ਹੀਆਂ।।

ਅੰਦਰ ਸਿੰਘਾਂ ਦੀ ਗਿਣਤੀ ਸੀ ਆਟੇ ਵਿੱਚ ਲੂਣ
ਪਾਹੁਲ ਖੰਡੇ ਦੇ ਧਾਰੀਆਂ ਦਾ ਤੱਤਾਂ ਸੀ ਵੱਗਦਾ ਖੂਨ।

ਤਿੱਖੇ ਲੋਹ ਤੀਰਾਂ ਦਾ ਮੀਂਹ ਸੀ ਪਿਆ ਵਰ੍ਹਦਾ
ਢਾਲਾਂ ਪਿੱਛੇ ਹੋ ਗਿਆ ਹਰ ਕੋਈ ਯੋਧਾ ਡਰਦਾ।।

ਸੂਰਜ ਫਿੱਕਾ ਪਾਇਆ ਤੇਗਾਂ ਦੇ ਲਿਸ਼ਕਾਰਿਆਂ
ਅੰਬਰ ਤਕ ਗੂੰਜਾਂ ਦਿੱਤਾ ਸਿੰਘਾਂ ਦੇ ਜੈਕਾਰਿਆਂ।

ਅਨੰਤ ਗਿਣਤੀ ਵੈਰੀਆਂ ਨੂੰ ਸਵਾ ਸਵਾ ਲੱਖ ਟੱਕਰੇ
ਆਹੂ ਲਾਹੁੰਦੇ ਰਹੇ ਜਦ ਤਕ ਨਾ ਹੋਏ ਖ਼ੁਦ ਡੱਕਰੇ।।

ਰਣ ਤੱਤੇ ਵਿੱਚ ਰੱਤ ਦੇ ਸਿਰਜ ਦਿੱਤੇ ਨਵੇ ਤਾਲ
ਗੜ੍ਹੀ ਵਿੱਚੋਂ ਪੰਜ ਸਿੰਘਾਂ ਦਾ ਜੱਥਾ ਬਣਦਾ ਮਹਾਕਾਲ।

ਮੁਗਲ ਪਠਾਣਾਂ ਦੇ ਵੱਡੇ ਵੱਡੇ ਸੀ ਜੋ ਬਣਦੇ ਸਿਪਾਸਲਾਹਰ
ਬਾਬਾ ਅਜੀਤ ਸਿੰਘ ਜੀ ਦੀ ਤੇਗ ਨੇ ਦਿੱਤੇ ਖਲਾਰ।।

ਬਾਬਾ ਅਜੀਤ ਸਿੰਘ ਜੀ ਰਣ ਤੱਤੇ ਵਿੱਚ ਸ਼ਹੀਦੀ ਪਾਈ
ਤਕ ਵੱਡੇ ਵੀਰ ਦੀ ਸੂਰਮਗਤੀ ਛੋਟੇ ਭਰਾ ਨੇ ਪਿਤਾ ਜੀ ਨੂੰ ਫ਼ਤਹਿ ਬੁਲਾਈ।

ਬਾਬਾ ਜੁਝਾਰ ਸਿੰਘ ਜੀ ਨੇ ਦੁਸ਼ਮਣਾਂ ਦੇ ਰਣ ਵਿੱਚ ਸੱਥਰ ਵਿਛਾਏ
ਹੰਕਾਰੀ ਜ਼ਰਨੈਲ ਕਹਿੰਦੇ ਕਹਾਉਂਦੇ ਮਾਰ ਮੁਕਾਏ।।

ਕਿਰਪਾਨਾਂ ਨਾਲ ਕਿਰਪਾਨਾਂ ਬਿਜਲੀ ਵਾਂਗ ਟਕਰਾਈਆਂ
ਯੋਧੇ ਢਹਿੰਦੇ ਵੇਖ ਹੋਣੀ ਲੈਂਦੀ ਫਿਰੇ ਅੰਗੜਾਈਆਂ।

ਬਾਬਾ ਜੁਝਾਰ ਸਿੰਘ ਜੀ ਨੇ ਜੂਝਦੇ ਜੂਝਦੇ ਸ਼ਹਾਦਤ ਪਾਈ
ਕੌਮ ਨੂੰ ਸੁਰਜੀਤ ਕਰਨ ਲਈ ਦਸਮ ਪਿਤਾ ਲਾਲਾਂ ਦੀ ਜੋੜੀ ਚੜ੍ਹਾਈ।

ਚਮਕੌਰ ਦੀ ਗੜ੍ਹੀ ਨੇ ਸ਼ਹਾਦਤਾਂ ਦਾ ਜੋ ਅਧਿਆਏ ਲਿੱਖਿਆ
ਅੱਜ ਤਕ ਮਨੁੱਖਤਾ ਦੇ ਇਤਿਹਾਸ ਵਿੱਚ ਨਾ ਦਿੱਸਿਆ।।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

## ਅਲਾਇੰਸ ਕਲੱਬ ਕੋਟਕਪੂਰਾ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਲਾਇਆ ਮੈਡੀਕਲ ਚੈੱਕਅਪ ਕੈਂਪ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 23 ਦਸੰਬਰ : ਅਲਾਇੰਸ ਕਲੱਬ ਕੋਟਕਪੂਰਾ ਸਿਟੀ 111 ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਲਾਲੇਆਨਾ ਵਿਖੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਤਕਰੀਬਨ 100 ਬੱਚਿਆਂ ਦੇ ਦੰਦਾਂ ਅਤੇ ਡੇਂਗੂ ਜਾਗਰੂਕਤਾ ਬਾਰੇ ਦੱਸਿਆ ਗਿਆ। ਦੰਦਾਂ ਦੇ ਡਾਕਟਰ ਪਾਰਸ ਅਰੋੜਾ ਨੇ ਬੱਚਿਆਂ ਨੂੰ ਦੰਦਾਂ ਨੂੰ ਕਿਵੇਂ ਤੰਦਰੁਸਤ ਰੱਖਿਆ ਜਾਂਦਾ ਹੈ, ਬਾਰੇ




ਜਾਣਕਾਰੀ ਦਿੱਤੀ ਅਤੇ ਦੰਦਾਂ ਦਾ ਚੈੱਕਅਪ ਕੀਤਾ। ਇਸ ਤੋਂ ਬਾਅਦ ਡਾਕਟਰ ਹਿਮਾਂਸ਼ੂ ਨੇ ਡੇਂਗੂ ਤੋਂ ਬਚਾਅ ਕਰਨ ਦੇ ਸਾਧਨ ਬਾਰੇ ਜਾਣਕਾਰੀ ਦਿੱਤੀ। ਕਲੱਬ ਦੇ ਪਾਸਟ ਜਿਲ੍ਹਾ ਗਵਰਨਰ ਅਲਾਅ ਓਮ ਪ੍ਰਕਾਸ਼ ਗੋਇਲ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਲਾਲੇਆਣਾ ਕਲੱਬ ਵੱਲੋਂ ਪਿਛਲੇ 2 ਸਾਲਾਂ ਤੋਂ ਗੋਦ ਲਿਆ ਹੋਇਆ ਹੈ ਅਤੇ ਕਲੱਬ ਜਰੂਰਤਮੰਦ ਬੱਚਿਆਂ ਨੂੰ ਓਹਨਾ ਦੀ ਜਰੂਰਤ ਦਾ ਸਮਾਨ ਮੁਹਈਆ ਕਰਵਾਉਂਦਾ ਰਹਿੰਦਾ ਹੈ। ਅਲਾਅ ਮਨਦੀਪ ਸਿੰਘ ਸਰਾਂ ਅਤੇ ਅਲਾਅ ਚੰਦਰ ਪ੍ਰਕਾਸ਼ ਅਰੋੜਾ ਨੇ ਦੱਸਿਆ ਕੇ ਅਲਾਇੰਸ ਕਲੱਬ ਕੋਟਕਪੂਰਾ ਸਿਟੀ 111 ਵੱਲੋਂ ਸਰਦੀ ਤੋਂ ਬਚਣ ਲਈ ਸਕੂਲ ਦੇ ਬੱਚਿਆਂ ਨੂੰ ਟੋਪੀਆਂ, ਦਸਤਾਨੇ, ਕੰਨਪਟੀ, ਜੁਰਾਬਾਂ ਦਿੱਤੀਆਂ ਗਈਆਂ ਅਤੇ ਕਿਤਾਬਾਂ, ਕਾਪੀਆਂ ਅਤੇ ਹੋਰ ਪੜਾਈ ਲਈ ਸਮੱਗਰੀ ਦਿੱਤੀ ਗਈ। ਕਲੱਬ ਦੇ ਵਾਈਸ ਪ੍ਰੈਜ਼ੀਡੈਂਟ ਅਲਾਅ ਰਮੇਸ਼ ਅਹੂਜਾ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਨੂੰ ਟੂਥਪੇਸਟ ਅਤੇ ਟੂਥਬਰੱਸ਼ ਵੀ ਦਿੱਤੇ ਗਏ, ਤਾਂ ਜ਼ੋ ਦੰਦਾਂ ਨੂੰ ਤੰਦਰੁਸਤ ਰੱਖਿਆ ਜਾ ਸਕੇ। ਕਲੱਬ ਦੇ ਵਾਈਸ ਪ੍ਰੈਜ਼ੀਡੈਂਟ ਅਲਾਅ ਬਲਜੀਤ ਸਿੰਘ ਖੀਵਾ ਨੇ ਬੱਚਿਆਂ ਨੂੰ ਸੇਧ ਦਿੰਦਿਆਂ ਕਿਹਾ ਕਿ ਆਪਣੇ ਮਾਤਾ ਪਿਤਾ ਅਤੇ ਸਕੂਲ ਟੀਚਰ ਦਾ ਸਨਮਾਨ ਕਰਨਾ ਚਾਹੀਦਾ ਹੈ ਤਾਂ ਜ਼ੋ ਭਵਿਖ ਵਿੱਚ ਨਵੀਆਂ ਬੁਲੰਦੀਆਂ ਨੂੰ ਪ੍ਰਾਪਤ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਂਪ ਵਿੱਚ ਮਾਜੂਦ ਅਲਾਅ ਵਰਿੰਦਰ ਸਿੰਘ ਅਰਨੇਜਾ, ਅਲਾਅ ਸੰਦੀਪ ਕਟਾਰੀਆ, ਅਲਾਅ ਗੁਰਮੀਤ ਸਿੰਘ ਮਠਾੜੂ, ਕਰੋੜੀ ਮੱਲ ਮਿੱਤਲ, ਸਰਪੰਚ ਜਸਵਿੰਦਰ ਸਿੰਘ ਖਾਲਸਾ, ਸਤਪਾਲ ਅਰੋੜਾ ਪ੍ਰਧਾਨ ਨਿਰੋਗ ਬਾਲ ਆਸ਼ਰਮ, ਡਾ. ਪਰਮਜੀਤ ਸਿੰਘ, ਮਹੰਤ ਬਾਬਾ ਪਰਸਨ ਦਾਸ, ਕੁਲਦੀਪ ਸਿੰਘ ਚਮੇਲੀ ਅਤੇ ਸਕੂਲ ਸਟਾਫ਼ ਨਿਤਿਨ ਮਲਿਕ, ਕਮਲਜੀਤ ਕੌਰ, ਮੀਨੂ ਗੋਇਲ, ਸਿਮਰਜੀਤ ਕੌਰ, ਰੂਪ ਰਾਣੀ ਆਦਿ ਵੀ ਹਾਜ਼ਰ ਸਨ।

## ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਿਤ ਗਿਆਨ ਮੁਕਾਬਲੇ ਵਿੱਚ ਸਪੀਕਰ ਸੰਧਵਾਂ ਨੇ ਕੀਤੀ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 23 ਦਸੰਬਰ : ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮੋਰਾਂਵਾਲੀ ਵਿਖੇ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਬੱਚਿਆਂ ਦੇ ਗੁਰਮਿਤ ਗਿਆਨ ਸਵਾਲ-ਜਵਾਬ ਮੁਕਾਬਲੇ ਦੇ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਮੌਕੇ ਸਪੀਕਰ ਸੰਧਵਾਂ ਨੇ ਛੋਟੇ



ਅਤੇ ਵੱਡੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਨਮਨ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਕੁਰਬਾਨੀ ਸਾਡੇ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਵਿੱਚ ਗੁਰਮਤ ਗਿਆਨ, ਸੱਚਾਈ, ਹਿੰਮਤ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਬੱਚਿਆਂ ਨੂੰ ਆਪਣੀ ਅਮੀਰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਵਿਦਿਆਰਥੀਆਂ ਦੇ ਆਤਮਿਕ ਤੇ ਨੈਤਿਕ ਵਿਕਾਸ ਵਿੱਚ ਸਹਾਇਕ ਸਾਬਤ ਹੁੰਦੇ ਹਨ। ਉਨ੍ਹਾਂ ਨੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਸਕੂਲ ਨੂੰ 2 ਲੱਖ ਰੁਪਏ ਦੀ ਰਾਸ਼ੀ ਆਪਣੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ। ਇਸ ਮੌਕੇ ਪ੍ਰਿੰਸੀਪਲ ਵਰਿੰਦਰ ਮਲਹੋਤਰਾ, ਸਰਪੰਚ ਸਰਬਜੀਤ ਸਿੰਘ, ਦਵਿੰਦਰ ਸੈਫ਼ੀ, ਸੁਨੀਤਾ ਬਾਘਲਾ, ਸੁਰਿਦਰ ਕੌਰ, ਅਮਨਪ੍ਰੀਤ ਕੌਰ, ਜਸਵਿੰਦਰ ਕੌਰ, ਅਮਨਦੀਪ ਸਿੰਘ, ਵਨੀਤਾ, ਧਵਨ, ਨਵਦੀਪ ਕੌਰ, ਜਗਦੀਸ਼ ਕੌਰ, ਲਵਜੋਤ ਸਿੰਘ ਆਦਿ ਵੀ ਹਾਜ਼ਰ ਸਨ।